## ਗ੍ਰੈਨਫੈਲ ਟਾਵਰ ਇਨਕਵਾਇਰੀ (Grenfell Tower Inquiry) ਦੇ ਚੇਅਰਮੈਨ ਨੇ ਪੁੱਛਗਿੱਛ ਦੇ ਕਾਰਜਖੇਤਰ ਤੇ ਰਾਏ ਮੰਗੀ

15 ਜੂਨ 2017 ਨੂੰ ਪ੍ਰਧਾਨ ਮੰਤਰੀ ਨੇ ਘੋਸ਼ਣਾ ਕੀਤੀ ਕਿ ਗ੍ਰੈਨਫੈਲ ਟਾਵਰ (Grenfell Tower) ਵਿਖੇ ਫਾਇਰ ਵਿੱਚ ਜਨਤਕ ਪੁੱਛਗਿੱਛ (ਪਬਲਿਕ ਇਨਕਵਾਇਰੀ) ਹੋਵੇਗੀ, ਜੋ ਕੱਲ੍ਹ ਸ਼ੁਰੂ ਹੋਈ ਸੀ। ਉਸਤੋਂ ਬਾਅਦ ਉਹਨਾਂ ਨੇ ਘੋਸ਼ਣਾ ਕੀਤੀ ਕਿ ਜਾਂਚ ਦੀ ਪ੍ਰਧਾਨਗੀ ਸਰ ਮਾਰਟਿਨ ਮੂਰ-ਬਿਕ (Sir Martin Moore-Bick) ਵੱਲੋਂ ਕੀਤੀ ਜਾਏਗੀ।

ਜਨਤਕ ਪੁੱਛਗਿੱਛਾਂ ਵਿੱਚ ਫ਼ੈਸਲਿਆਂ ਅਤੇ ਘਟਨਾਵਾਂ ਦਾ ਬਰੀਕੀ ਨਾਲ ਨਿਰੀਖਣ ਕਰਦੇ ਹੋਏ, ਗੰਭੀਰ ਜਨਤਕ ਚਿੰਤਾਵਾਂ ਸਬੰਧੀ ਸਮੱਸਿਆਵਾਂ ਦੀ ਜਾਂਚ ਕੀਤੀ ਜਾਂਦੀ ਹੈ। ਜਨਤਕ ਪੁੱਛਗਿੱਛਾਂ ਕਿਵੇਂ ਕੰਮ ਕਰਦੀਆਂ ਹਨ, ਇਸਨੂੰ ਨਿਯੰਤਰਿਤ ਕਰਨ ਦੇ ਨਿਯਮ ਹਨ, ਜੋ ਇਨਕਵਾਇਰੀਜ਼ ਐਕਟ 2005 ਵਿੱਚ ਦਿੱਤੇ ਗਏ ਹਨ।

ਜਨਤਕ ਪੁੱਛਗਿੱਛਾਂ ਅਪਰਾਧਿਕ ਜਾਂਚਾਂ ਤੋਂ ਕਿਵੇਂ ਵੱਖ ਹੁੰਦੀਆਂ ਹਨ। ਫਾਇਰ ਵਿੱਚ ਸਮਾਨਾਂਤਰ ਅਪਰਾਧਿਕ ਜਾਂਚ ਮੈਟਰੋਪੋਲੀਟਨ ਪੁਲਿਸ (Metropolitan Police) ਵੱਲੋਂ ਕੀਤੀ ਜਾ ਰਹੀ ਹੈ ਅਤੇ ਇਹ ਜਨਤਕ ਪੁੱਛਗਿੱਛ ਤੋਂ ਵੱਖ ਹੈ। ਜਨਤਕ ਪੁੱਛਗਿੱਛ ਦੇ ਸਿੱਟੇ ਵਜੋਂ ਕੋਈ ਅਪਰਾਧਿਕ ਮੁਕੱਦਮੇ ਨਹੀਂ ਹੋਣਗੇ: ਇਹ ਸਰਕਾਰ ਅਤੇ ਹੋਰਾਂ ਅਥਾੱਰਿਟੀਜ ਲਈ ਤੱਥ ਅਤੇ ਸਿਫ਼ਾਰਿਸ਼ਾਂ ਮੁਹੱਈਆ ਕਰਨ ਲਈ ਤਿਆਰ ਕੀਤੀ ਗਈ ਹੈ। ਇਸਦੇ ਨਿਸ਼ਕਰਸ਼ ਉਹਨਾਂ ਲਈ ਮਹੱਤਵਪੂਰਨ ਹੋ ਸਕਦੇ ਹਨ, ਜਿਹਨਾਂ ਦੀ ਜ਼ਿੰਮੇਵਾਰੀ ਇਹ ਫ਼ੈਸਲਾ ਕਰਨ ਦੀ ਹੈ ਕਿ ਕੋਈ ਮੁਕੱਦਮਾ ਹੋਣਾ ਚਾਹੀਦਾ ਹੈ ਜਾਂ ਨਹੀਂ। ਜੇਕਰ, ਇਸਦੀ ਜਾਂਚ ਦੀ ਮਿਆਦ ਦੇ ਦੌਰਾਨ, ਪੁੱਛਗਿੱਛ ਵਿੱਚ ਅਪਰਾਧਿਕ ਗਤੀਵਿਧੀ ਦਾ ਪਤਾ ਚੱਲਦਾ ਹੈ ਤਾਂ ਇਹ ਤੁਰੰਤ ਸਬੰਧਿਤ ਅਥਾੱਰਿਟੀਜ ਨੂੰ ਜਾਣਕਾਰੀ ਭੇਜੇਗੀ।

ਗ੍ਰੈਨਫੈਲ ਟਾਵਰ ਇਨਕਵਾਇਰੀ ਦੁਖਾਂਤਕ ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਕਿ ਸਹੀ ਸਬਕ ਸਿੱਖੇ ਗਏ ਹਨ। ਅਜਿਹਾ ਕਰਨ ਲਈ, ਪੁੱਛਗਿੱਛ ਵਿੱਚ ਸਾਰੀਆਂ ਸਬੰਧਿਤ ਸੰਭਾਵਿਤ ਸਥਿਤੀਆਂ ਦੀ ਜਾਂਚ ਕਰਨ ਗ੍ਰੈਨਫੈਲ ਟਾਵਰ ਵਿਖੇ ਫਾਇਰ ਦੇ ਆਸਪਾਸ, ਪੂਰੀ ਬਿਲਡਿੰਗ ਵਿੱਚ ਇਸਦੇ ਪਸਾਰੇ ਅਤੇ ਨਿਵਾਸੀਆਂ ਤੇ ਇਸਦੇ ਅਸਰ ਦੀ ਜਾਂਚ ਕਰਨ ਦੀ ਲੋੜ ਹੋਵੇਗੀ। ਜ਼ਰੂਰੀ ਤੌਰ ਤੇ ਇਸਦਾ ਮਤਲਬ ਹੈ ਬਿਲਡਿੰਗ ਦੇ ਡਿਜ਼ਾਈਨ, ਉਸਾਰੀ ਅਤੇ ਸੁਧਾਰ ਦੇ ਬਾਹਰ ਸਥਿਤੀਆਂ ਨੂੰ ਦੇਖਣਾ। ਇਸਦਾ ਮਤਲਬ ਹੋਵੇਗਾ ਕਿ ਸਬੰਧਿਤ ਜਨਤਕ ਅਥਾੱਰਿਟੀਜ ਅਤੇ ਠੇਕੇਦਾਰ ਦੀ ਭੂਮਿਕਾ ਅਤੇ ਸਬੰਧਿਤ ਨਿਯਮਾਂ ਦੇ ਢੁੱਕਵੇਂਪਨ ਅਤੇ ਲਾਗੂਕਰਨ ਲਈ ਫਾਇਰ ਦੇ ਵਿਆਪਕ ਅਮਲਾਂ ਨੂੰ ਦੇਖਣਾ। ਇਸਦਾ ਮਤਲਬ ਹੋਵੇਗਾ ਕਿ ਇਸ ਤਰ੍ਹਾਂ ਦੀਆਂ ਸੰਕਟਕਾਲੀ ਸਥਿਤੀਆਂ ਨਾਲ ਨਿਪਟਣ ਲਈ ਅਤੇ ਸਥਾਨਕ ਨਿਵਾਸੀਆਂ ਵੱਲੋਂ ਪਹਿਲਾਂ ਪ੍ਰਗਟ ਕੀਤੀਆਂ ਚਿੰਤਾਵਾਂ ਨਾਲ ਨਿਪਟਣ ਲਈ ਸਥਾਨਕ ਤੌਰ ਤੇ ਸਥਾਪਿਤ ਪ੍ਰਬੰਧਾਂ ਨੂੰ ਦੇਖਣਾ। ਇਹ ਸੂਚੀ ਵਿਆਪਕ ਨਹੀਂ ਹੈ।

ਜਨਤਕ ਪੁੱਛਗਿੱਛ ਦੀ ਗੁੰਜਾਇਸ਼ ਇਸਦੇ ਕਾਰਜਖੇਤਰ ਨਾਲ ਨਿਯਤ ਕੀਤੀ ਗਈ ਹੈ। ਉਹ ਕਾਰਜਖੇਤਰ ਹਾਲੀਂ ਨਿਰਧਾਰਤ ਨਹੀਂ ਕੀਤੇ ਗਏ ਹਨ। ਪ੍ਰਧਾਨਮੰਤਰੀ ਨੇ ਪੁੱਛਗਿੱਛ ਟੀਮ ਨੂੰ ਕਾਰਜਖੇਤਰ ਬਾਰੇ ਜਨਤਕ ਮਸ਼ਵਰੇ ਦਾ ਆਯੋਜਨ ਕਰਨ ਲਈ ਅਤੇ ਇਸ ਬਾਰੇ ਸਿਫ਼ਾਰਿਸ਼ਾਂ ਦੇਣ ਲਈ ਕਿਹਾ ਹੈ ਕਿ ਉਹਨਾਂ ਨੂੰ ਕੀ ਸ਼ਾਮਲ ਕਰਨਾ ਚਾਹੀਦਾ ਹੈ। ਇਸ ਕਾਰਨ ਚੇਅਰਮੈਨ ਨੇ ਇਸ ਬਾਰੇ ਰਾਏ ਮੰਗੀ ਹੈ ਕਿ ਗ੍ਰੈਨਫੈਲ ਫਾਇਰ ਇਨਕਵਾਇਰੀ ਦੇ ਕਾਰਜਖੇਤਰ ਵਿੱਚ ਕੀ ਸ਼ਾਮਲ ਹੋਣਾ ਚਾਹੀਦਾ ਹੈ। ਉਹ ਉਹਨਾਂ ਲੋਕਾਂ ਦੀ ਰਾਏ ਸੁਣਨਾ ਚਾਹੁੰਦੇ ਹਨ, ਜਿਹਨਾਂ ਤੇ ਫਾਇਰ ਦਾ ਸਿੱਧਾ ਅਸਰ ਹੋਇਆ ਹੈ ਜਾਂ ਜਿਹਨਾਂ ਦੀ ਕਿਸੇ ਹੋਰ ਤਰ੍ਹਾਂ ਨਾਲ ਪੁੱਛਗਿੱਛ ਦੇ ਕੰਮ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ, ਪਰੰਤੂ ਉਹਨਾਂ ਨੇ ਇਹ ਮਸ਼ਵਰਾ ਉਹਨਾਂ ਤੱਕ ਸੀਮਿਤ ਨਹੀਂ ਰੱਖਿਆ ਹੈ।

ਪੁੱਛਗਿੱਛ ਵਿੱਚ ਦੋ ਚਰਨਾਂ ਵਿੱਚ ਰਿਪੋਰਟ ਕੀਤੀ ਜਾਏਗੀ, ਨਾਲ ਹੀ ਇੱਕ ਅੰਤਰਿਮ ਰਿਪੋਰਟ ਜਲਦੀ ਤੋਂ ਜਲਦੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਪੀੜਿਤਾਂ ਦੇ ਪਰਿਵਾਰਾਂ, ਬਚ ਜਾਣ ਵਾਲੇ ਵਿਅਕਤੀਆਂ ਅਤੇ ਪ੍ਰਭਾਵਿਤ ਹੋਏ ਹੋਰਾਂ ਲੋਕਾਂ ਦੀ ਰਾਏ ਸੁਣਨ ਅਤੇ ਉਹਨਾਂ ਦੇ ਵਿਚਾਰ ਲੈਣ ਲਈ ਅਗਲੇ ਦੋ ਹਫ਼ਤਿਆਂ ਤੱਕ ਕਈ ਮੀਟਿੰਗਾਂ ਕੀਤੀਆਂ ਜਾਣਗੀਆਂ। ਮੀਟਿੰਗਾਂ ਦੇ ਸਮੇਂ ਅਤੇ ਥਾਂ ਬਾਰੇ ਜਾਣਕਾਰੀ ਉਪਲਬਧ ਕਰਾਈ ਜਾਏਗੀ। ਵਿਕਲਪਿਕ ਤੌਰ ਤੇ ਰਾਏ ਲਿਖਤ ਵਿੱਚ Grenfell Tower Inquiry,

Royal Courts of Justice, Strand, London WC2A 2LL (ਗ੍ਰੈਨਫੈਲ ਟਾਵਰ ਇਨਕਵਾਇਰੀ, ਰੋਇਲ ਕੋਰਟਸ ਆਫ ਜਸਟਿਸ, ਸਟ੍ਰੈਂਡ, ਲੰਡਨ WC2A 2LL) ਪਤੇ ਤੇ ਪੱਤਰ ਭੇਜ ਕੇ ਜਾਂ ਇਸ ਪਤੇ ਤੇ ਈਮੇਲ ਕਰਕੇ ਦਿੱਤੀ ਜਾ ਸਕਦੀ ਹੈ: contact@grenfelltowerinquiry.org.uk, ਤੇ 14 ਜੁਲਾਈ 2017 ਨੂੰ ਸ਼ਾਮ ਤੱਕ।

ਚੇਅਰਮੈਨ ਨੂੰ ਆਸ ਹੈ ਕਿ ਰਾਏ ਦੇਣ ਵਾਲੇ ਵਿਅਕਤੀ ਇਸ ਘੱਟ ਸਮੇਂ ਦੀ ਆਖ਼ਰੀ ਤਾਰੀਖ ਦੀ ਲੋੜ ਨੂੰ ਸਮਝਣਗੇ। ਉਹ ਤਦ ਤੱਕ ਸਬੂਤ ਲੈਣਾ ਸ਼ੁਰੂ ਨਹੀਂ ਕਰ ਸਕਦੇ, ਜਦੋਂ ਤੱਕ ਉਹਨਾਂ ਨੂੰ ਕਾਰਜਖੇਤਰ ਨਹੀਂ ਦਿੱਤਾ ਜਾਂਦਾ। ਸੁਭਾਵਕ ਤੌਰ ਤੇ ਉਹ ਅਜਿਹਾ ਜਲਦੀ ਤੋਂ ਜਲਦੀ ਕਰਨਾ ਚਾਹੁੰਦੇ ਹਨ। ਇੱਕ-ਇੱਕ ਲਿਖਤ ਪ੍ਰਸਤੁਤੀਆਂ ਦਾ ਜਵਾਬ ਦੇਣਾ ਸੰਭਵ ਨਹੀਂ ਹੋਵੇਗਾ, ਪਰੰਤੂ ਉਹਨਾਂ ਦੀ ਪ੍ਰਾਪਤੀ ਦੀ ਸੂਚਨਾ ਦਿੱਤੀ ਜਾਏਗੀ ਅਤੇ ਆਖ਼ਰੀ ਤਾਰੀਖ ਤੱਕ ਮੁਹੱਈਆ ਕੀਤੀ ਹਰ ਰਾਏ ਤੇ ਵਿਚਾਰ ਕੀਤਾ ਜਾਏਗਾ।

ਚੇਅਰਮੈਨ ਕਿਸੇ ਵੀ ਸੁਝਾਵਾਂ ਜਾਂ ਰਾਏ ਦਾ ਸੁਆਗਤ ਕਰਦੇ ਹਨ। ਹੇਠਾਂ ਦਿੱਤੇ ਸਵਾਲ ਗਾਈਡ ਦੇ ਤੌਰ ਤੇ ਵਰਤੇ ਜਾ ਸਕਦੇ ਹਨ ਪਰੰਤੂ ਪਾਬੰਦੀ ਵਾਲੇ ਨਹੀਂ ਹਨ।

- ਤੁਹਾਡੇ ਵਿਚਾਰ ਵਿੱਚ ਪੁੱਛਗਿੱਛ ਵਿੱਚ ਕੀ ਸ਼ਾਮਲ ਹੋਣਾ ਚਾਹੀਦਾ ਹੈ?
- ਕੀ ਕਿਸੇ ਤਰ੍ਹਾਂ ਦਾ ਕੋਈ ਸਬੂਤ ਹੈ, ਜੋ ਤੁਹਾਡੇ ਵਿਚਾਰ ਵਿੱਚ ਪੁੱਛਗਿੱਛ ਵਿੱਚ ਪ੍ਰਾਪਤ ਕਰਨਾ ਜ਼ਰੂਰੀ ਹੈ?
- ਪੁੱਛਗਿੱਛ ਵਿੱਚ ਇਸਦੀ ਅੰਤਰਿਮ ਰਿਪੋਰਟ ਵਿੱਚ ਕਿਹੜੀ ਗੱਲ ਬਾਰੇ ਚਰਚਾ ਕੀਤੀ ਜਾਣੀ ਚਾਹੀਦੀ ਹੈ? ਮੁੱਖ ਰਿਪੋਰਟ ਲਈ ਕੀ ਛੱਡਿਆ ਜਾਣਾ ਚਾਹੀਦਾ ਹੈ, ਤਾਂ ਜੋ ਅੰਤਰਿਮ ਰਿਪੋਰਟ ਜਲਦੀ ਪ੍ਰਕਾਸ਼ਿਤ ਕੀਤੀ ਜਾ ਸਕੇ?
- ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਪੁੱਛਗਿੱਛ ਦੇ ਕੰਮ ਸੂਚਨਾ ਦਿੱਤੀ ਜਾਂਦੀ ਰਹੇ? ਤੁਹਾਨੂੰ ਕਿਵੇਂ ਸੰਪਰਕ ਕੀਤਾ ਜਾਵੇ?

ਚੇਅਰਮੈਨ ਦੀ ਸਿਫ਼ਾਰਿਸ਼ ਤੇ, ਪੁੱਛਗਿੱਛ ਦੀ ਮਿਆਦ ਦੇ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਕਾਰਜਖੇਤਰ ਵੱਖ-ਵੱਖ ਹੋ ਸਕਦੇ ਹਨ, ਜੇਕਰ ਅਜਿਹਾ ਕਰਨਾ ਲਾਜ਼ਮੀ ਜਾਪਦਾ ਹੋਵੇ।

ਗ੍ਰੈਨਫੈਲ ਟਾਵਰ ਪਬਲਿਕ ਇਨਕਵਾਇਰੀ ਟੀਮ (GRENFELL TOWER PUBLIC INQUIRY TEAM)
4/7/2017

ਪ੍ਰੈਸ ਰਿਲੀਜ

**ਗ੍ਰੈਨਫੈਲ ਟਾਵਰ ਇਨਕਵਾਇਰੀ ਨੇ ਆਪਣੇ ਕੰਮ ਬਾਰੇ ਰਾਏ ਮੰਗੀ**

ਗ੍ਰੈਨਫੈਲ ਟਾਵਰ ਫਾਇਰ ਤੋਂ ਪ੍ਰਭਾਵਿਤ ਹੋਏ ਨਿਵਾਸੀਆਂ ਅਤੇ ਦਿਲਚਸਪੀ ਰੱਖਣ ਵਾਲੇ ਹੋਰ ਲੋਕਾਂ ਨੂੰ ਅੱਜ ਫਾਇਰ ਵਿੱਚ ਜਨਤਕ ਪੁੱਛਗਿੱਛ ਦੇ ਕੰਮ ਦੇ ਵਿਕਾਸ ਵਿੱਚ ਮਦਦ ਕਰਨ ਲਈ ਸੱਦਿਆ ਜਾਂਦਾ ਹੈ।

ਇਨਕਵਾਇਰੀ ਦੇ ਚੇਅਰਮੈਨ ਨੇ ਆਪਣੇ ਕਾਰਜਖੇਤਰ ਵਿੱਚ ਮਸ਼ਵਰੇ ਦੀ ਸ਼ੁਰੂਆਤ ਕੀਤੀ ਹੈ, ਜੋ ਇਨਕਵਾਇਰੀ ਵਿੱਚ ਸ਼ਾਮਲ ਗੱਲਾਂ ਵਿੱਚ ਦਿੱਤਾ ਜਾਏਗਾ।

ਕੋਈ ਵੀ ਵਿਅਕਤੀ ਲਿਖੀ ਹੋਈ ਰਾਏ ਔਨਲਾਈਨ ਜਾਂ ਪੱਤਰ ਵਿੱਚ ਪ੍ਰਸਤੁਤ ਕਰ ਸਕਦਾ ਹੈ। ਮਸ਼ਵਰਾ ਦਸਤਾਵੇਜ਼ ਇੱਥੇ ਉਪਲਬਧ ਹੈ। ਇਨਕਵਾਇਰੀ ਖ਼ਾਸ ਕਰਕੇ ਫਾਇਰ ਤੋਂ ਪ੍ਰਭਾਵਿਤ ਹੋਏ ਲੋਕਾਂ ਦੀ ਰਾਏ ਚਾਹੁੰਦੀ ਹੈ ਅਤੇ ਮੁੱਖ ਸਮੂਹਾਂ ਨਾਲ ਕਈ ਮੀਟਿੰਗਾਂ ਆਯੋਜਿਤ ਕੀਤੀਆਂ ਜਾਣਗੀਆਂ। ਇਹਨਾਂ ਮੀਟਿੰਗਾਂ ਬਾਰੇ ਹੋਰ ਵੇਰਵੇ ਅਗਲੇ ਕੁਝ ਦਿਨਾਂ ਵਿੱਚ ਉਪਲਬਧ ਕਰਾਏ ਜਾਣਗੇ।

ਇਨਕਵਾਇਰੀ ਦੇ ਚੇਅਰਮੈਨ, ਸਰ ਮਾਰਟਿਨ ਮੂਰ-ਬਿਕ ਉਹਨਾਂ ਨੂੰ ਦਿੱਤੇ ਗਏ ਸਾਰੇ ਸੁਝਾਵਾਂ ਤੇ ਵਿਚਾਰ ਕਰਨਗੇ, ਜਦੋਂ ਉਹ ਕਾਰਜਖੇਤਰ ਦੀ ਤਿਆਰੀ ਕਰਨਗੇ। ਤਦ ਉਹ ਪ੍ਰਧਾਨ ਮੰਤਰੀ ਨੂੰ ਸਿਫ਼ਾਰਿਸ਼ਾਂ ਕਰਨਗੇ, ਜੋ ਕਾਰਜਖੇਤਰ ਬਾਰੇ ਆਖ਼ਰੀ ਫ਼ੈਸਲਾ ਲੈਣਗੇ।

ਸਰ ਮਾਰਟਿਨ ਮੂਰ-ਬਿਕ ਨੇ ਕਿਹਾ:

"ਮੈਂ ਫਾਇਰ ਦੇ ਕਾਰਨਾਂ ਨੂੰ ਸਮਝਣ ਲਈ ਅਤੇ ਅਜਿਹੀ ਦੁਖਾਂਤਕ ਘਟਨਾ ਨੂੰ ਫਿਰ ਵਾਪਰਨ ਤੋਂ ਰੋਕਣ ਲਈ ਇਸਦੇ ਆਸਪਾਸ ਦੇ ਪੂਰੇ ਤੱਥਾਂ ਨੂੰ ਸਿੱਧ ਕਰਨ ਲਈ ਦ੍ਰਿੜ੍ਹ ਹਾਂ।"

"ਜਲਦੀ ਤੋਂ ਜਲਦੀ ਲਾਭਕਾਰੀ ਰਿਪੋਰਟ ਤਿਆਰ ਕਰਨ ਲਈ ਇਨਕਵਾਇਰੀ ਦਾ ਕਾਰਜ ਖੇਤਰ ਮੁੱਖ ਤੌਰ ਤੇ ਦੁਖਾਂਤਕ ਘਟਨਾ ਤੇ ਹੀ ਸੰਚਾਲਿਤ ਕੀਤਾ ਜਾਣਾ ਲਾਜ਼ਮੀ ਹੈ, ਪਰੰਤੂ ਮੈਂ ਇਹ ਸਪਸ਼ਟ ਕਰਾਂਗਾ ਕਿ ਮੈਂ ਮਹੱਤਵਪੂਰਨ ਸਵਾਲਾਂ ਦੇ ਜਵਾਬ ਦੇਣ ਵਿੱਚ ਮੇਰੀ ਮਦਦ ਲਈ ਵਿਆਪਕ ਸ਼੍ਰੇਣੀ ਵਿੱਚ ਸਬੂਤ ਤੇ ਵਿਚਾਰ ਕਰਨਾ ਚਾਹੁੰਦਾ ਹਾਂ, ਸਬੰਧਿਤ ਜਨਤਕ ਅਥਾੱਰਿਟੀਜ ਅਤੇ ਠੇਕੇਦਾਰਾਂ ਦੀ ਭੂਮਿਕਾ ਸਮੇਤ।"

"ਇਸ ਕਰਕੇ ਮੈਂ ਇਨਕਵਾਇਰੀ ਦੇ ਕੰਮ ਦੇ ਵਿਕਾਸ ਬਾਰੇ ਸਿੱਧੇ ਫਾਇਰ ਤੋਂ ਪ੍ਰਭਾਵਿਤ ਲੋਕਾਂ ਅਤੇ ਇਸ ਨਾਲ ਜੁੜੇ ਹੋਰਾਂ ਲੋਕਾਂ ਤੋਂ ਰਾਏ ਅਤੇ ਉਹ ਸਵਾਲ ਲੈਣਾ ਚਾਹੁੰਦਾ ਹਾਂ, ਜਿਹਨਾਂ ਦੇ ਜਵਾਬ ਸਾਨੂੰ ਲੱਭਣੇ ਚਾਹੀਦੇ ਹਨ।"

ਸਾਰੇ ਸੁਝਾਅ ਇਨਕਵਾਇਰੀ ਟੀਮ ਨੂੰ 14 ਜੁਲਾਈ 2017 ਨੂੰ ਸ਼ਾਮ 6 ਵਜੇ ਭੇਜੇ ਜਾਣੇ ਲਾਜ਼ਮੀ ਹਨ।

ਸੁਝਾਅ contact@grenfelltowerinquiry.org.uk ਤੇ ਈਮੇਲ ਰਾਹੀਂ ਜਾਂ Grenfell Inquiry Team, Royal Courts of Justice, Strand, London WC2A 2LL (ਗ੍ਰੈਨਫੈਲ ਇਨਕਵਾਇਰੀ ਟੀਮ, ਰੋਇਲ ਕੋਰਟਸ ਆਫ ਜਸਟਿਸ, ਸਟ੍ਰੈਂਡ, ਲੰਡਨ WC2A 2LL) ਤੇ ਡਾਕ ਰਾਹੀਂ ਭੇਜੇ ਜਾਣੇ ਚਾਹੀਦੇ ਹਨ।

ਪੱਤਰਕਾਰ 07736 485970 ਤੇ ਜਾਂ media@grenfelltowerinquiry.org.uk ਤੇ ਪੁੱਛਗਿੱਛ ਮੀਡੀਆ ਟੀਮ ਨੂੰ ਸੰਪਰਕ ਕਰ ਸਕਦੇ ਹਨ।